NZ ਤਸਵੀਰ NEWS
The true picture of your local community
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News
10 July 2019 Daily, editornztasveer@gmail.com designnztasveer@gmail.com Ph/Fax: 09 390 4644 FREE

ਆਨਲਾਈਨ ਈ-ਪੇਪਰ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
09 390 4644

RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੌਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
CONTACT RAJ : 021874730, 021874702, 0800 253 2687
www.redcleaning.co.nz

# ਭਾਰੀ ਧੁੰਦ ਕਾਰਨ ਆਕਲੈਂਡ ਤੋਂ ਕਈ ਉਡਾਣਾਂ ਰੱਦ



ਆਕਲੈਂਡ (ਐਨ. ਜ਼ੈਡ. ਤਸਵੀਰ) : ਅੱਜ ਆਕਲੈਂਡ ਹਵਾਈ ਅੱਡੇ 'ਤੇ ਭਾਰੀ ਧੁੰਦ ਕਾਰਨ ਕਈ ਉਡਾਣਾਂ ਨੂੰ ਰੱਦ ਕਰਨਾ ਪਿਆ, ਜਦਕਿ ਕਈ ਉਡਾਣਾਂ ਦੇਰੀ ਨਾਲ ਚਲੀਆਂ। ਧੁੰਦ ਨੇ ਮੋਟਰਵੇਅ ਨੈਟਵਰਕ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਦਿੱਤਾ ਅਤੇ ਨੋਰਥਸ਼ੋਰ ਅਤੇ ਬਿਰਕਨਹੈਡ ਤੋਂ ਫੇਰੀ ਸੇਵਾਵਾਂ ਨੂੰ ਵੀ ਰੋਕ ਦਿੱਤਾ ਗਿਆ। ਬੁੱਧਵਾਰ ਸਵੇਰੇ 10.15 ਵਜੇ ਆਕਲੈਂਡ ਏਅਰਪੋਰਟ ਦੇ ਬੁਲਾਰੇ ਨੇ ਦੱਸਿਆ ਕਿਹਾ ਕਿ ਧੁੰਦ ਕਾਰਨ 17 ਖੇਤਰੀ ਉਡਾਣਾਂ ਨੂੰ ਰੱਦ ਕੀਤਾ ਗਿਆ ਹੈ ਜਦਕਿ 19 ਉਡਾਣਾਂ ਵਿਚ ਦੇਰੀ ਹੋਈ ਹੈ। ਉਨ੍ਹਾਂ ਕਿਹਾ ਕਿ ਕੋਹਰੇ ਕਾਰਨ ਅੰਤਰਰਾਸ਼ਟਰੀ ਉਡਾਣਾਂ ਵੀ ਪ੍ਰਭਾਵਿਤ ਹੋਈਆਂ ਹਨ। ਇਹ ਰੋਕ ਸਵੇਰੇ 10.40 ਮਿੰਟ 'ਤੇ ਲਗਾਈ ਗਈ ਸੀ, ਜਿਸ ਦੀ ਨਿਰੰਤਰ ਜਾਣਕਾਰੀ ਯਾਤਰੀਆਂ ਨੂੰ ਦਿੱਤੀ ਜਾ ਰਹੀ ਅਤੇ ਇਹ ਜਾਣਕਾਰੀ ਵੈਬਸਾਈਟ 'ਤੇ ਵੀ ਪਾਈ ਜਾ ਰਹੀ ਸੀ। ਨਿਊਜ਼ੀਲੈਂਡ ਟਰਾਂਸਪੋਰਟ ਏਜੰਸੀ ਨੇ ਵੀ ਭਾਰੀ ਧੁੰਦ ਕਾਰਨ ਵਾਹਨਾਂ ਦੇ ਡਰਾਈਵਰਾਂ ਨੂੰ ਚੌਕਸ ਰਹਿਣ ਦੀ ਸਲਾਹ ਦਿੱਤੀ ਹੈ।

# ਆਕਲੈਂਡ 'ਚ ਬਨੂੜ ਜ਼ਿਲ੍ਹਾ ਪਟਿਆਲਾ ਦੇ ਨੌਜਵਾਨ ਨੂੰ ਮਿਲਿਆ ਕਮਿਊਨਿਟੀ ਹੀਰੋ ਐਵਾਰਡ



ਆਕਲੈਂਡ :ਪੰਜਾਬੀਆਂ ਨੇ ਹਰ ਵਿਦੇਸ਼ਾ 'ਚ ਆਪਣਾ ਨਾਮ ਬਣਾਇਆਂ ਹੈ ਦਸ ਦਈਏ ਕਿ ਨਿਊਜ਼ੀਲੈਂਡ ਦੀ ਪ੍ਰਸਿੱਧ ਤੇਲ ਡਿਸਟ੍ਰੀਬਿਊਸ਼ਨ ਕੰਪਨੀ 'ਜ਼ੈਡ' ਵੱਲੋਂ ਸਾਲਾਨਾ ਐਵਾਰਡ ਸਮਾਰੋਹ ਕਰਾਊਨ ਪਲਾਜ਼ਾ ਆਕਲੈਂਡ ਸਿਟੀ ਵਿਖੇ ਕਰਵਾਇਆ ਗਿਆ । ਪੰਜਾਬੀ ਭਾਈਚਾਰੇ ਨੂੰ ਇਸ ਗੱਲ ਦਾ ਮਾਣ ਮਹਿਸੂਸ ਹੋਵੇਗਾ ਕਿ 2500 ਤੋਂ ਵੱਧ ਦਾ ਸਟਾਫ ਰੱਖਣ ਵਾਲੀ ਇਸ ਨੈਸ਼ਨਲ ਕੰਪਨੀ ਨੇ ਇਸ ਵਾਰ ਇਕ ਪੰਜਾਬੀ ਨੌਜਵਾਨ ਮਾਰਸ਼ਲ ਵਾਲੀਆ (27) ਨੂੰ 'ਕਮਿਊਨਿਟੀ ਐਂਡ ਸਸਟੇਨਬਿਲਟੀ ਹੀਰੋ' ਦੇ ਐਵਾਰਡ ਲਈ ਚੁਣਿਆ ਹੈ ।ਇਹ ਐਵਾਰਡ ਸਮਾਜਿਕ ਕਾਰਜਕਰਤਾ ਨੂੰ ਦਿੱਤਾ ਜਾਂਦਾ ਹੈ ਜਿਸ ਦੇ ਸਮਾਜਿਕ ਕਾਰਜ ਕਦੇ ਰੁਕਦੇ ਨਹੀਂ, ਚੱਲਦੇ ਹੀ ਰਹਿੰਦੇ ਹਨ ਅਤੇ ਨਵੀਆਂ-ਨਵੀਆਂ ਚੁਣੌਤੀਆਂ ਨੂੰ ਸਵੀਕਾਰ ਕਰਦੇ ਹੋਏ ਕਦਮ ਅੱਗੇ ਵੱਧਦੇ ਜਾਂਦੇ ਹਨ। ਇਸ ਮੌਕੇ ਭਾਵੁਕ ਹੁੰਦਿਆਂ ਮਾਰਸ਼ਲ ਵਾਲੀਆ ਜਿਸ ਦਾ ਜੱਦੀ ਪਿੰਡ ਬਨੂੜ ਜ਼ਿਲ੍ਹਾ ਪਟਿਆਲਾ ਹੈ, ਨੇ ਇਕੱਤਰ ਹੋਏ ਕੰਪਨੀ ਸਟਾਫ ਨੂੰ ਵੀ ਸੰਬੋਧਨ ਕੀਤਾ ਅਤੇ ਇਸ ਕਾਰਜ ਤੋਂ ਮਿਲਦੀ ਸੰਤੁਸ਼ਟੀ ਬਾਰੇ ਦੱਸਿਆ।ਸਮਾਜਿਕ ਕਾਰਜ ਲੋਕਾਂ ਨੂੰ ਹੀਰੋ ਵੀ ਬਣਾਉਂਦੇ ਹਨ ਅਤੇ ਇਸ ਕਾਰਜ ਲਈ ਇਨਸਾਨ ਨੂੰ ਜੋ ਸਕੂਨ ਮਹਿਸੂਸ ਹੁੰਦਾ ਹੈ ਉਹ ਬਾਕੀ ਕਾਰਜਾਂ ਤੋਂ ਮਹਿਸੂਸ ਨਹੀਂ ਕੀਤਾ ਜਾ ਸਕਦਾ ਇਹ ਮਾਰਸ਼ਲ ਵਾਲੀਆ ਨੇ ਸਿੱਧ ਕਰਕੇ ਇਕ ਸੁਨੇਹਾ ਦੇਣ ਦੀ ਸਫ਼ਲ ਕੋਸ਼ਿਸ਼ ਕੀਤੀ ਹੈ ਤਾਂਕਿ ਹੋਰ ਲੋਕ ਵੀ ਸਮਾਜਿਕ ਕਾਰਜਾਂ ਦਾ ਹਿੱਸਾ ਬਣਨ ਅਤੇ ਦੇਸ਼ ਦੀ ਸੇਵਾ ਲਈ ਆਪਣਾ ਯੋਗਦਾਨ ਦੇਣ। ਵਰਣਨਯੋਗ ਹੈ ਕਿ ਮਾਰਸ਼ਲ ਵਾਲੀਆ ਇਕੋ-ਇਕ ਪੰਜਾਬੀ ਨੌਜਵਾਨ ਹੈ ਜੋ ਵੱਖ-ਵੱਖ ਸੰਸਥਾਵਾਂ ਅਤੇ ਆਕਲੈਂਡ ਕੌਂਸਲ ਦੇ ਸਹਿਯੋਗ ਨਾਲ ਵਾਤਾਵਰਨ ਲਈ ਪੌਦੇ ਲਗਾਉਣ 'ਚ ਵੱਧ-ਚੜ੍ਹ ਕੇ ਸਹਿਯੋਗ ਕਰਦਾ ਹੈ । ਮਾਰਸ਼ਲ ਵਾਲੀਆ 'ਆਇਗਾ ਅਨਰਜ਼ੀ' ਨਾਂਅ ਦੀ ਉਦਮੀ ਕੰਪਨੀ ਦੇ ਨਾਲ ਸਾਊਥ ਆਕਲੈਂਡ ਵਿਚ ਆਪ੍ਰੇਸ਼ਨ ਮੈਨੇਜਰ ਵਜੋਂ ਕੰਮ ਕਰਦਾ ਹੈ।

# ਭਾਰਤ ਤੇ ਭੜਕੇ ਡੋਨਾਲਡ ਟਰੰਪ, ਜ਼ਿਆਦਾ ਕਸਟਮ ਡਿਊਟੀ ਲਈ ਦਿੱਤੀ ਚੇਤਾਵਨੀ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਨੂੰ ਉਤਪਾਦਾਂ 'ਤੇ ਜ਼ਿਆਦਾ ਕਸਟਮ ਡਿਊਟੀ ਨੂੰ ਲੈ ਕੇ ਭਾਰਤ ਨੂੰ ਚੇਤਾਵਨੀ ਦਿੱਤੀ ਹੈ। ਟਰੰਪ ਨੇ ਕਿਹਾ ਕਿ ਹੁਣ ਇਸ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।

ਜਾਪਾਨ ਦੇ ਓਸਾਕਾ ਵਿੱਚ 28 ਜੂਨ ਨੂੰ ਜੀ20 ਸ਼ਿਖਰ ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਤੋਂ ਬਾਅਦ ਟਰੰਪ ਦਾ ਇਹ ਬਿਆਨ ਆਇਆ ਹੈ। ਮੁਲਾਕਾਤ ਦੌਰਾਨ ਦੋਹਾਂ ਨੇਤਾਵਾਂ ਨੇ ਦੁੱਵਲੇ ਵਪਾਰ ਵਿਵਾਦਾਂ ਉੱਤੇ ਆਪਣੀ ਚਿੰਤਾ ਪ੍ਰਗਟਾਈ ਸੀ।

ਨਾਲ ਹੀ ਇਸ ਮੁੱਦੇ 'ਤੇ ਆਪਣੇ ਵਣਜ ਮੰਤਰੀਆਂ ਦੀ ਛੇਤੀ ਮੀਟਿੰਗ ਲਈ ਸਹਿਮਤ ਹੋ ਗਏ ਹਨ। ਟਰੰਪ ਨੇ ਮੰਗਲਵਾਰ ਨੂੰ ਟਵੀਟ ਕੀਤਾ ਕਿ ਭਾਰਤ ਨੇ ਅਮਰੀਕੀ ਉਤਪਾਦਾਂ 'ਤੇ ਬਹੁਤ ਲੰਮੇ ਸਮੇਂ ਤੋਂ ਕਸਟਮ ਡਿਊਟੀ ਲਗਾ ਰੱਖੇ ਹਨ। ਪਰ ਹੁਣ ਇਸ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਡੋਨਾਲਡ ਟਰੰਪ ਦੀ ਇਸ ਚੇਤਾਵਨੀ ਨੂੰ ਹਲਕੇ ਵਿੱਚ ਨਹੀਂ ਲਿਆ ਜਾ ਸਕਦਾ, ਕਿਉਂਕਿ ਅਮਰੀਕਾ ਨੇ ਵੀ ਇਸੇ ਤਰ੍ਹਾਂ ਚੀਨ ਨਾਲ ਆਪਣੇ ਵਪਾਰਕ ਯੁੱਧ ਦੀ ਸ਼ੁਰੂਆਤ ਕੀਤੀ ਸੀ। ਇਹ ਮੰਨਿਆ ਜਾਂਦਾ ਹੈ ਕਿ ਚੀਨ ਅਤੇ ਯੂਰਪੀਅਨ ਯੂਨੀਅਨ ਤੋਂ ਬਾਅਦ ਟਰੰਪ ਦਾ ਹੁਣ ਅਗਲਾ ਨਿਸ਼ਾਨਾ ਹੁਣ ਭਾਰਤ 'ਤੇ ਹੈ।

ਜ਼ਿਕਰਯੋਗ ਹੈ ਕਿ ਅਮਰੀਕਾ ਨੇ ਭਾਰਤ ਨੂੰ ਤਰਜੀਹੀ ਵਿਵਸਥਾ ਤੋਂ ਬਾਹਰ ਕਰ ਦਿੱਤਾ ਹੈ, ਜਿਸ ਦੇ ਜਵਾਬ ਵਿੱਚ ਭਾਰਤ ਨੇ ਅਮਰੀਕਾ ਤੋਂ ਆਯਾਤ ਕੀਤੇ 28 ਵਸਤਾਂ 'ਤੇ ਕਸਟਮ ਡਿਊਟੀ ਵਧਾ ਦਿੱਤੀ ਹੈ।

# ਹੈਮਿਲਟਨ ਦਫਤਰ 'ਚ ਹੋਵੇਗੀ ਮੁੰਬਈ 'ਚ ਜਮਾਂ ਫਾਈਲਾਂ ਦੀ ਜਾਂਚ-ਪੜਤਾਲ

NEW ZEALAND IMMIGRATION

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜੀਲੈਂਡ ਇਮੀਗ੍ਰੇਸ਼ਨ ਵਲੋਂ ਫਾਈਲਾਂ 'ਚ ਲੱਗ ਰਹੀ ਦੇਰੀ ਨੂੰ ਦੇਖਦੇ ਹੋਏ ਇਨਾਂ ਨੂੰ ਹੈਮਿਲਟਨ ਦਫਤਰ ਤੋਂ ਹੀ ਅੱਗੇ ਤੋਰਿਆ ਜਾਵੇਗਾ ਅਤੇ ਉਨ੍ਹਾਂ ਦੀ ਸਾਰੀ ਜਾਂਚ-ਪੜਤਾਲ ਹੈਮਿਲਟਨ ਤੋਂ ਹੀ ਕੀਤੀ ਜਾਵੇਗੀ। ਇਸ ਦਾ ਮੁੱਖ ਕਾਰਨ ਮੁੰਬਈ ਦਫਤਰ ਵਿੱਚ ਸਟਾਫ ਦੀ ਘਾਟ ਕਾਰਨ ਹੋਇਆ ਹੈ। ਨਿਊਜੀਲੈਂਡ ਇਮੀਗ੍ਰੇਸ਼ਨ ਕਿਸੇ ਵੀ ਫਾਈਲ ਲਈ 18 ਦਿਨ ਦਾ ਸਮਾਂ ਲੈਂਦਾ ਹੈ, ਪਰ ਸਟਾਫ ਦੀ ਘਾਟ ਕਾਰਨ ਇਸ ਨੂੰ ਕਾਫੀ ਸਮਾਂ ਲੱਗ ਰਿਹਾ ਹੈ ਜਿਸ ਕਾਰਨ ਲੋਕਾਂ ਨੂੰ ਬਹੁਤ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ॥ਇਹੀ ਨਹੀਂ ਉਹਨਾਂ ਨੂੰ ਵੀਜਾ ਲਈ ਕਈਂ-ਕਈਂ ਮਹੀਨੇ ਦਾ ਸਮਾ ਲੱਗ ਰਿਹਾ ਹੈ।

# ਭਾਰਤੀ ਨੌਜਵਾਨ ਨੇ ਨਾਬਾਲਗ ਨਾਲ ਰੇਪ, ਵੀਜ਼ਾ ਕੈਂਸਲ

ਨਿਊਯਾਰਕ: ਅਮਰੀਕਾ 'ਚ ਇੱਕ ਭਾਰਤੀ ਮੂਲ ਦੇ ਨੌਜਵਾਨ ਨੂੰ ਜਰਮਨੀ ਵਾਪਸ ਭੇਜ ਦਿੱਤਾ ਗਿਆ ਹੈ। ਨੌਜਵਾਨ 'ਤੇ ਇਲਜ਼ਾਮ ਹੈ ਕਿ ਉਸ ਨੇ ਜਰਮਨੀ 'ਚ ਨਾਬਾਲਗ ਕੁੜੀ ਨਾਲ ਬਲਾਤਕਾਰ ਕੀਤਾ ਹੈ। ਅਮਰੀਕੀ ਇਮੀਗ੍ਰੇਸ਼ਨ ਐਂਡ ਕਸਟਮ ਇਨਫੋਰਸਮੈਂਟ (ਆਈਸੀਈ) ਅਨੁਸਾਰ ਨੌਜਵਾਨ ਦੀ ਪਛਾਣ ਤਲਵਾਰ ਨਾਂ ਦੇ ਵਿਅਕਤੀ ਵਜੋਂ ਹੋਈ ਹੈ। ਅਮਰੀਕਾ ਨੇ ਉਸ ਦਾ ਵੀਜ਼ਾ ਕੈਂਸਲ ਕਰ ਦਿੱਤਾ ਹੈ। ਇਸ ਦੀ ਜਾਣਕਾਰੀ ਨਿਊਜ਼ ਏਜੰਸੀ ਨੇ ਮੰਗਲਵਾਰ ਨੂੰ ਦਿੱਤੀ।

ਆਈਸੀਈ ਨੇ ਕਿਹਾ, ਨੌਜਵਾਨ ਕਾਨੂੰਨੀ ਤੌਰ 'ਤੇ 6 ਅਕਤੂਬਰ ਤਕ ਸੈਲਾਨੀ ਦੇ ਤੌਰ 'ਤੇ ਅਮਰੀਕਾ ਰਹਿਣ ਲਈ ਆਇਆ ਸੀ। ਉਹ ਜਰਮਨੀ 'ਚ ਨਾਬਾਲਗ ਨਾਲ ਜ਼ਬਰਦਸਤੀ ਕਰਨ ਦਾ ਮੁਲਜ਼ਮ ਸੀ। ਬਾਅਦ 'ਚ ਪਤਾ ਲੱਗਿਆ ਕਿ ਉਹ ਨਿਊਯਾਰਕ ਸ਼ਹਿਰ ਦੇ ਮਹਾਨਗਰੀ ਖੇਤਰ 'ਚ ਰਹਿ ਰਿਹਾ ਹੈ। ਗ੍ਰਿਫ਼ਤਾਰੀ ਵਾਰੰਟ ਮੁਤਾਬਕ, 12 ਜੂਨ ਨੂੰ ਹਵਾਲਗੀ ਅਧਿਕਾਰੀਆਂ ਨੇ ਨਿਊਯਾਰਕ ਦੇ ਰਿਚਮੰਡ ਹਿੱਲ ਤੋਂ ਉਸ ਨੂੰ ਗ੍ਰਿਫ਼ਤਾਰ ਕੀਤਾ। ਬਾਅਦ 'ਚ ਤਲਵਾਰ ਨੂੰ ਕਾਨੂੰਨ ਏਜੰਸੀ ਯੂਐਸ ਮਾਰਸ਼ਲ ਸਰਵਿਸ ਨੂੰ ਸੌਂਪ ਦਿੱਤਾ। ਭਾਰਤੀ ਨੌਜਵਾਨ ਨੂੰ ਪਿਛਲੇ ਹਫਤੇ ਜਰਮਨ ਲਾ ਐਫੋਰਸਮੈਂਟ ਕਸਟਡੀ ਤਹਿਤ ਡਿਪਟੀ ਮਾਰਸ਼ਲ ਵੱਲੋਂ ਜਰਮਨੀ ਡਿਪੋਰਟ ਕਰ ਦਿੱਤਾ ਗਿਆ।

# ਅੱਜ ਫਿਰ ਹੋਏਗਾ ਭਾਰਤ-ਨਿਊਜ਼ੀਲੈਂਡ ਦਾ ਮੁਕਾਬਲਾ, 46.1 ਓਵਰਾਂ ਤੋਂ ਅੱਗੇ ਖੇਡੇਣਗੇ ਕੀਵੀ

**ਹਾਲਾਂਕਿ ਮੈਨਚੈਸਟਰ ਵਿੱਚ ਬੁੱਧਵਾਰ ਨੂੰ ਵੀ 65 ਫੀਸਦੀ ਬਾਰਸ਼ ਦੇ ਆਸਾਰ ਹਨ। ਇਸ ਹਾਲਤ ਵਿੱਚ ਜੇ ਮੈਚ ਨਾ ਹੋ ਸਕਿਆ ਤਾਂ ਪੁਆਇੰਟਸ ਦੇ ਆਧਾਰ 'ਤੇ ਭਾਰਤ ਸਿੱਧਾ ਫਾਈਨਲ ਵਿੱਚ ਪਹੁੰਚ ਜਾਏਗਾ।**



ਮੈਨਚੈਸਟਰ: ਮੈਨਚੈਸਟਰ ਦੇ ਓਲਡ ਟ੍ਰੈਫਰਡ ਗਰਾਊਂਡ 'ਤੇ ਮੰਗਲਵਾਰ ਨੂੰ ਭਾਰਤ ਤੇ ਨਿਊਜ਼ੀਲੈਂਡ ਵਿਚਾਲੇ ਵਰਲਡ ਕੱਪ ਦਾ ਪਹਿਲਾ ਸੈਮੀਫਾਈਨਲ ਬਾਰਿਸ਼ ਕਰਕੇ 46.1 ਓਵਰ ਬਾਅਦ ਰੋਕ ਦਿੱਤਾ ਗਿਆ। ਟਾਸ ਜਿੱਤ ਤੇ ਬੱਲੇਬਾਜ਼ੀ ਕਰ ਰਹੀ ਨਿਊਜ਼ੀਲੈਂਡ ਦੀ ਟੀਮ ਨੇ ਇਸ ਵੇਲੇ ਤਕ 5 ਵਿਕਟਾਂ ਗਵਾ ਕੇ 211 ਦੌੜਾਂ ਬਣਾਈਆਂ ਸੀ।

ਬਾਰਸ਼ ਦੇ ਬਾਅਦ ਮੈਦਾਨ ਦੀ ਜਾਂਚ ਕਰਨ ਆਏ ਅੰਪਾਇਰਾਂ ਨੇ ਬਾਕੀ ਦਾ ਮੈਚ ਰਿਜ਼ਰਵ ਡੇਅ, ਯਾਨੀ ਬੁੱਧਵਾਰ ਨੂੰ ਕਰਾਉਣ ਦਾ ਫੈਸਲਾ ਕੀਤਾ ਸੀ। ਹੁਣ ਨਿਊਜ਼ੀਲੈਂਡ ਦੀ ਟੀਮ ਰਿਜ਼ਰਵ ਡੇਅ 'ਤੇ 46.1 ਓਵਰ ਦੇ ਅੱਗੇ ਬੱਲੇਬਾਜ਼ੀ ਕਰਨਾ ਸ਼ੁਰੂ ਕਰੇਗੀ। ਹਾਲਾਂਕਿ ਮੈਨਚੈਸਟਰ ਵਿੱਚ ਬੁੱਧਵਾਰ ਨੂੰ ਵੀ 65 ਫੀਸਦੀ ਬਾਰਸ਼ ਦੇ ਆਸਾਰ ਹਨ। ਇਸ ਹਾਲਤ ਵਿੱਚ ਜੇ ਮੈਚ ਨਾ ਹੋ ਸਕਿਆ ਤਾਂ ਪੁਆਇੰਟਸ ਦੇ ਆਧਾਰ 'ਤੇ ਭਾਰਤ ਸਿੱਧਾ ਫਾਈਨਲ ਵਿੱਚ ਪਹੁੰਚ ਜਾਏਗਾ।

ਹਾਲੇ ਨਿਊਜ਼ਲੈਂਡ ਦੇ ਰਾਸ ਟੇਲਰ ਤੇ ਟਾਮ ਲਾਥਮ ਨਾਬਾਦ ਖੇਡ ਰਹੇ ਹਨ। ਇਸ ਮੈਚ ਦੌਰਾਨ ਟੇਲਰ ਨੇ ਆਪਣੇ ਕਰੀਅਰ ਦਾ 50ਵਾਂ ਅੱਧ ਸੈਂਕੜਾ ਲਾਇਆ। ਇਸ ਤੋਂ ਪਹਿਲਾਂ ਕੇਨ ਵਿਲਿਅਮਸਮ 67 ਦੌੜਾਂ ਬਣਾ ਕੇ ਚਹਿਲ ਦੀ ਗੇਂਦ 'ਤੇ ਕੈਚ ਆਊਟ ਹੋਇਆ। ਵਿਲਿਅਮਸਮ ਨੇ ਟੇਲਰ ਨਾਲ ਤੀਜੀ ਵਿਕਟ ਲਈ 65 ਦੌੜਾਂ ਦੀ ਸਾਂਝੇਦਾਰੀ ਕੀਤੀ।

# ਹਾਲੀਵੁੱਡ ਸੁਪਰ ਸਟਾਰ ਦਾ ਕੁੱਤੇ ਨਾਲ ਪ੍ਰੇਮ, 1700 'ਚ ਵੇਚਿਆ ਤੇ 10 ਲੱਖ 'ਚ ਖਰੀਦਿਆ

ਵਾਸ਼ਿੰਗਟਨ: ਹਾਲੀਵੁੱਡ ਦੇ ਸੁਪਰ ਸਟਾਰ ਸਿਲਵੈਸਟਰ (Sylvester) ਭਾਰਤ ਸਮੇਤ ਪੂਰੀ ਦੁਨੀਆ ਵਿੱਚ ਮਕਬੂਲ ਹਨ। ਉਨ੍ਹਾਂ ਕੋਲ ਕਿਸੇ ਵੀ ਚੀਜ਼ ਦੀ ਕਮੀ ਨਹੀਂ। ਪਰ ਇੱਕ ਸਮਾਂ ਸੀ ਜਦੋਂ ਉਨ੍ਹਾਂ ਕੋਲ ਘਰ ਦਾ ਕਿਰਾਇਆ ਦੇਣ ਲਈ ਵੀ ਪੈਸੇ ਨਹੀਂ ਸੀ। ਇੱਕ ਵਾਰ ਜਦੋਂ ਉਨ੍ਹਾਂ ਕੋਲ ਖਾਣ ਲਈ ਵੀ ਪੈਸੇ ਨਹੀਂ ਬਚੇ ਸੀ ਤਾਂ ਉਨ੍ਹਾਂ ਮਜਬੂਰੀ ਵਿੱਚ ਆਪਣੇ ਕੁੱਤੇ ਨੂੰ 1700 ਰੁਪਏ ਵਿੱਚ ਵੇਚ ਦਿੱਤਾ ਸੀ। ਕੁੱਤੇ ਨੂੰ ਵੇਚਣ ਬਾਅਦ ਉਹ ਬੇਹੱਦ ਰੋਂਦੇ ਹੋਏ ਆਪਣੇ ਘਰ ਵਾਪਸ ਆਏ। ਪਰ ਫ਼ਿਲਮ 'ਰੌਕੀ' ਦੇ ਹਿੱਟ ਹੋਣ ਬਾਅਦ ਸਿਲਵੈਸਟਰ ਬੁਲੰਦੀਆਂ 'ਤੇ ਪਹੁੰਚ ਗਏ। ਹੁਣ ਉਨ੍ਹਾਂ ਕੋਲ ਪੈਸਾ, ਸ਼ੋਹਰਤ ਸਭ ਸੀ। ਫਿਰ ਕਾਮਯਾਬੀ ਹਾਸਲ ਕਰਨ ਬਾਅਦ ਸਿਲਵੈਸਟਰ ਨੇ ਜਿਸ ਦੁਕਾਨ 'ਤੇ ਆਪਣਾ ਕੁੱਤਾ ਵੇਚਿਆ ਸੀ, ਉਸ ਦੇ ਕਈ ਚੱਕਰ ਲਾਏ। ਬਹੁਤ ਤਲਾਸ਼ ਕਰਨ ਬਾਅਦ ਉਨ੍ਹਾਂ ਦਾ ਕੁੱਤਾ ਉਨ੍ਹਾਂ ਨੂੰ ਵਾਪਸ ਮਿਲ ਗਿਆ, ਪਰ ਕੁੱਤੇ ਦੇ ਮਾਲਕ ਨੇ ਉਨ੍ਹਾਂ ਕੋਲੋਂ 15 ਹਜ਼ਾਰ ਡਾਲਰ, ਯਾਨੀ ਕਰੀਬ 10 ਲੱਖ ਰੁਪਏ ਦੀ ਮੰਗ ਕੀਤੀ। ਹੁਣ ਸਿਲਵੈਸਟਰ ਨੇ ਖ਼ੁਸ਼ੀ-ਖ਼ੁਸ਼ੀ ਪੈਸੇ ਦੇ ਕੇ ਆਪਣੇ ਕੁੱਤੇ ਨੂੰ ਵਾਪਸ ਲੈ ਲਿਆ। ਹਾਲ ਹੀ ਵਿੱਚ ਉਨ੍ਹਾਂ ਆਪਣੇ ਇੰਸਟਾਗ੍ਰਾਮ 'ਤੇ ਆਪਣੇ ਪਿਆਰੇ ਕੁੱਤੇ ਨਾਲ ਖ਼ੁਦ ਦੀ ਤਸਵੀਰ ਸਾਂਝੀ ਕੀਤੀ। ਇਸ ਤਸਵੀਰ ਦੇ ਨਾਲ ਹੀ ਉਨ੍ਹਾਂ ਇਹ ਕਿੱਸਾ ਵੀ ਬਿਆਨ ਕੀਤਾ। ਇਹ ਕਹਾਣੀ ਲੋਕਾਂ ਨੂੰ ਕਿਸੇ ਫ਼ਿਲਮ ਵਾਂਗ ਲੱਗੀ। ਕਿਹਾ ਜਾਂਦਾ ਹੈ ਕਿ ਇਕ ਵਾਰ ਉਨ੍ਹਾਂ ਆਪਣੀ ਪਤਨੀ ਦੇ ਗਹਿਣੇ ਵੀ ਚੁਰਾਏ ਸੀ, ਜਿਸ ਨਾਲ ਉਹ ਕੋਈ ਕਾਰੋਬਾਰ ਸ਼ੁਰੂ ਕਰ ਸਕਣ।

